

ਅਕਾਲੀ ਫੂਲਾ ਸਿੰਘ ਦੀ 'ਅੰਮ੍ਰਿਤ' ਪ੍ਰਤੀ ਸ਼ਰਧਾ

ਜਸਵਿੰਦਰ ਸਿੰਘ ਰੁਪਾਲ

ਅਕਾਲੀ ਫੂਲਾ ਸਿੰਘ ਜੀ ਸਿੱਖ ਇਤਿਹਾਸ ਦੇ ਸਿਦਕੀ, ਸ਼ਰਧਾਵਾਨ, ਪ੍ਰਭੂ ਤੇ ਗੁਰੂ ਵਿਚ ਅਟੱਲ ਵਿਸ਼ਵਾਸ ਰੱਖਣ ਵਾਲੇ, ਨਿਰਭਉ, ਦਲੇਰ ਅਤੇ ਨਿਰਵੈਰ ਯੋਧੇ ਹੋਏ ਹਨ।

ਇਕ ਵਾਰੀ ਇਕ ਗੁਰਮੁਖ ਪਰਵਾਰ ਦਾ ਨੌਜਵਾਨ ਲੜਕਾ ਕੁਸੰਗਤ ਵਿਚ ਫੱਸ ਗਿਆ। ਉਸ ਨੇ ਇਕ ਦਿਨ ਘਰ ਆ ਕੇ ਕੇਸ ਕਟਾਉਣ ਦਾ ਅਪਣਾ ਫ਼ੈਸਲਾ ਸੁਣਾ ਦਿਤਾ। ਮਾਂ-ਬਾਪ ਨੇ ਬੜਾ ਸਮਝਾਇਆ ਪਰ ਉਸ ਤੇ ਅਸਰ ਨਾ ਹੋਇਆ। ਮਾਪਿਆਂ ਨੇ ਉਸ ਨੂੰ ਕਿਹਾ ਕਿ ਉਹ ਅਕਾਲ ਤਖ਼ਤ ਦੇ ਜਥੇਦਾਰ ਪਾਸੋਂ ਆਗਿਆ ਲੈ ਲਵੇ, ਫਿਰ ਭਾਵੇਂ ਕੇਸ ਕਟਵਾ ਲਵੇ।

ਉਸ ਨੌਜਵਾਨ ਨੇ ਨਿਹੰਗ ਛਾਉਣੀ ਦੇ ਮੁਖੀ ਅਕਾਲੀ ਫੂਲਾ ਸਿੰਘ ਨੂੰ ਪੱਤਰ ਲਿਖਿਆ ਅਤੇ ਕੇਸ ਕਟਾਉਣ ਦੀ ਆਗਿਆ ਮੰਗੀ। ਫੂਲਾ ਸਿੰਘ ਜੀ ਬੜਾ ਚਿੰਤਤ ਹੋਏ। ਉਨ੍ਹਾਂ ਨੇ ਤੁਰਤ ਨੌਜਵਾਨ ਦੇ ਖ਼ਤ ਦਾ ਜਵਾਬ ਦਿਤਾ ਅਤੇ ਪਿਆਰ ਨਾਲ ਸਮਝਾਉਂਦਿਆਂ ਲਿਖਿਆ, "ਪੁੱਤਰ, ਅੰਮ੍ਰਿਤ ਛਕਾਉਣ ਸਮੇਂ ਇਨ੍ਹਾਂ ਕੇਸਾਂ ਵਿਚ ਪੰਜ ਚੂਲੀਆਂ ਅੰਮ੍ਰਿਤ ਦੀਆਂ ਪਾਈਆਂ ਗਈਆਂ ਸਨ। ਹੁਣ ਇਹ ਕੇਸ ਤੇਰੇ ਨਹੀਂ, ਇਹ ਗੁਰੂ ਦੀ ਅਮਾਨਤ ਹਨ। ਤੂੰ ਇਨ੍ਹਾਂ ਕੇਸਾਂ ਨੂੰ ਨਹੀਂ ਕਟਵਾ ਸਕਦਾ। ਅਸੀ ਤੈਨੂੰ ਗੁਰੂ ਕੀ ਅਮਾਨਤ ਨਹੀਂ ਕੱਟਣ ਦਿਆਂਗੇ।"

ਪੱਤਰ ਨੌਜਵਾਨ ਨੂੰ ਮਿਲ ਗਿਆ ਪਰ ਕੁਸੰਗਤ ਦੇ ਕੁਪ੍ਰਭਾਵ ਅਧੀਨ ਬਜਾਏ ਇਸ ਪੱਤਰ ਤੋਂ ਕੁੱਝ ਸਿਖਿਆ ਲੈਣ ਅਤੇ ਗੱਲ ਮੰਨਣ ਤੋਂ ਉਹ ਇਕਦਮ ਨਾਈ ਦੀ ਦੁਕਾਨ 'ਤੇ ਗਿਆ, ਅਪਣੇ ਕੇਸ ਕਟਵਾ ਦਿਤੇ। ਕੇਸਾਂ ਨੂੰ ਗੁਥਲੀ ਵਿਚ ਲਪੇਟਿਆ ਅਤੇ ਅਕਾਲੀ ਫੂਲਾ ਸਿੰਘ ਜੀ ਨੂੰ ਭੇਜ ਦਿਤੇ। ਨਾਲ ਪੱਤਰ ਵਿਚ ਲਿਖਿਆ, "ਤੁਸੀ ਆਖਿਆ ਸੀ, ਕੇਸਾਂ ਵਿਚ ਅੰਮ੍ਰਿਤ ਪੈਣ ਸਦਕਾ ਇਹ ਗੁਰੂ ਦੀ ਅਮਾਨਤ ਹਨ। ਮੈਂ ਇਸ ਲਈ ਕੇਸ ਤੁਹਾਨੂੰ ਭੇਜ ਰਿਹਾ ਹਾਂ। ਸਾਂਭ ਲਉ ਅਪਣੇ ਗੁਰੂ ਦੇ ਕੇਸ (ਅਮਾਨਤ), ਨਾਲੇ ਗੁਰੂ ਦਾ ਅੰਮ੍ਰਿਤ ਵੀ।"

ਅਕਾਲੀ ਫੂਲਾ ਸਿੰਘ ਜੀ ਨੇ ਕੇਸ ਵੇਖੇ ਤੇ ਪੱਤਰ ਪੜ੍ਹਿਆ। ਇਕ ਪਲ ਲਈ ਉਨ੍ਹਾਂ ਦੇ ਨੇਤਰਾਂ ਵਿਚੋਂ ਨੀਰ ਵਹਿ ਤੁਰਿਆ। ਉਨ੍ਹਾਂ ਸੋਚਿਆ, 'ਆਖ਼ਰ ਇਹ ਨੌਜਵਾਨ ਅੰਮ੍ਰਿਤ ਨੂੰ ਸਮਝਦਾ ਕੀ ਹੈ?'

ਬਿਨਾਂ ਇਕ ਪਲ ਦੀ ਦੇਰ ਕੀਤੇ ਉਨ੍ਹਾਂ ਨੇ ਅਪਣੇ ਘੋੜੇ ਨੂੰ ਚਾਬਕ ਲਗਾਈ ਅਤੇ ਨੌਜਵਾਨ ਦੇ ਘਰ ਪਹੁੰਚ ਗਏ। ਸਾਧਾਰਣ ਫ਼ਤਿਹ ਉਪਰੰਤ ਜਥੇਦਾਰ ਜੀ ਨੇ ਕੇਸ ਅਤੇ ਪੱਤਰ ਕੱਢ ਲਿਆ ਅਤੇ ਨੌਜਵਾਨ ਨੂੰ ਪੁਛਿਆ, "ਇਹ ਖ਼ਤ ਅਤੇ ਕੇਸ ਤੇਰੇ ਹੀ ਹਨ?"

ਨੌਜਵਾਨ ਨੇ ਜੋਸ਼ ਨਾਲ ਕਿਹਾ, "ਹਾਂ ਜੀ, ਮੈਂ ਹੀ ਤੁਹਾਡੇ ਲਈ ਭੇਜੇ ਸਨ। ਸੰਭਾਲ ਕੇ ਰੱਖੋ ਇਨ੍ਹਾਂ ਅੰਮ੍ਰਿਤ ਵਾਲੇ ਕੇਸਾਂ ਨੂੰ। ਮੇਰੇ ਤੋਂ ਨਹੀਂ ਰੱਖ ਹੁੰਦੇ ਇਹ।"

ਇਹ ਸੁਣ ਕੇ ਅਕਾਲੀ ਫੂਲਾ ਸਿੰਘ ਜਲਾਲ ਵਿਚ ਆ ਗਏ। ਨੌਜਵਾਨ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਹ ਬੋਲੇ, "ਯਾਦ ਕਰ ਅੰਮ੍ਰਿਤ ਛਕਾਉਣ ਵੇਲੇ ਪੰਜ ਚੂਲੇ ਤੇਰੇ ਨੇਤਰਾਂ ਵਿਚ ਵੀ ਪਾਏ ਗਏ ਸਨ। ਪੰਜ ਚੂਲੇ ਅੰਮ੍ਰਿਤ ਦੇ ਤੂੰ ਪੀਤੇ ਵੀ ਸਨ। ਉਹ ਅੰਮ੍ਰਿਤ ਵੀ ਦੇ ਸਾਡਾ।"

ਨੌਜਵਾਨ ਕੁੱਝ ਛਿੱਥਾ ਜਿਹਾ ਹੋ ਕੇ ਬੋਲਿਆ, "ਉਹ ਕਿਵੇਂ ਦੇਵਾਂ?"

"ਉਹ ਲੈਣਾ ਅਸੀ ਜਾਣਦੇ ਹਾਂ। ਪਹਿਲਾਂ ਅਸੀ ਤੇਰੀਆਂ ਅੱਖਾਂ ਕਢਾਂਗੇ, ਫਿਰ ਤੈਨੂੰ ਕੋਹਲੂ ਵਿਚ ਪੀੜ ਕੇ ਤੇਰਾ ਖ਼ੂਨ ਕਢਾਂਗੇ ਅਤੇ ਉਸ ਨੂੰ ਪੀਵਾਂਗੇ। ਅਸੀ ਗੁਰੂ ਸਾਹਿਬ ਦੇ ਅੰਮ੍ਰਿਤ ਦੀ ਇਕ ਬੂੰਦ ਵੀ ਅਜਾਈਂ ਨਹੀਂ ਜਾਣ ਦਿਆਂਗੇ।"

ਨੌਜਵਾਨ ਨੇ ਜਥੇਦਾਰ ਹੋਰਾਂ ਵਲ ਵੇਖਿਆ-ਅੱਖਾਂ ਵਿਚ ਲਾਲੀ, ਚਿਹਰੇ 'ਤੇ ਜਲਾਲ, ਸ਼ਬਦਾਂ ਵਿਚ ਪੂਰਾ ਜੋਸ਼। ਸ਼ਬਦਾਂ ਦੀ ਤਾਕਤ ਨੇ ਅਪਣਾ ਅਸਰ ਦਿਖਾਇਆ। ਨੌਜਵਾਨ ਨੇ ਜ਼ੋਰ ਦੀ ਧਾਹ ਮਾਰੀ। ਅਕਾਲੀ ਫੂਲਾ ਸਿੰਘ ਜੀ ਦੇ ਚਰਨਾਂ 'ਤੇ ਡਿੱਗ ਪਿਆ ਅਤੇ ਉੱਚੀ ਉੱਚੀ ਰੋਣ ਲੱਗ ਪਿਆ। ਉਸ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ।

"ਮੇਰੇ ਤੋਂ ਬਹੁਤ ਵੱਡੀ ਭੁੱਲ ਹੋਈ ਹੈ। ਮੈਨੂੰ ਬਖ਼ਸ਼ ਲਵੋ।" ਉਹ ਜ਼ਾਰ ਜ਼ਾਰ ਰੋਈ ਜਾ ਰਿਹਾ ਸੀ। ਅਕਾਲੀ ਫੂਲਾ ਸਿੰਘ ਜੀ ਨੇ ਨੌਜਵਾਨ ਨੂੰ ਗਲਵਕੜੀ ਵਿਚ ਲਿਆ। ਉਸ ਨੂੰ ਪਿਆਰ ਦਿਤਾ, ਹੰਝੂ ਪੂੰਝੇ ਅਤੇ ਸਮਝਾਇਆ ਕਿ ਅੰਮ੍ਰਿਤ ਦੀ ਦਾਤ 'ਸੀਸ ਭੇਟ' ਕਰਨ ਤੋਂ ਬਾਅਦ ਮਿਲੀ ਸੀ ਅਤੇ ਤੂੰ ਸ਼ੁਕਰ ਕਰ ਕਿ ਤੇਰੇ 'ਤੇ ਬਖ਼ਸ਼ਿਸ਼ ਹੋਈ ਹੈ। ਇਸ ਨੂੰ ਸੰਭਾਲ। ਗੁਰ ਸ਼ਬਦ ਦੀ ਕਮਾਈ ਕਰ ਅਤੇ ਅਪਣਾ ਆਪਾ ਗੁਰੂ ਚਰਨਾਂ ਵਿਚ ਅਰਪਣ ਕਰ। ਗੁਰੂ ਆਪੇ ਸੁਮੱਤ ਦੇਵੇਗਾ।

ਨੌਜਵਾਨ ਨੇ ਜਥੇਦਾਰ ਜੀ ਕੋਲ ਤੇ ਅਪਣੇ ਮਾਪਿਆਂ ਕੋਲ ਕਸਮ ਖਾਧੀ, ਪ੍ਰਣ ਕੀਤਾ ਕਿ ਉਹ ਉਸ ਨੂੰ ਇਸ ਵਾਰ ਮੁਆਫ਼ ਕਰ ਦੇਣ, ਮੁੜ ਕੇ ਉਹ ਅਜਿਹ ਸੋਚ ਵੀ ਮਨ ਵਿਚ ਨਹੀਂ ਲਿਆਵੇਗਾ। ਜਥੇਦਾਰ ਹੋਰਾਂ ਨੇ ਅਪਣੇ ਅੰਦਾਜ਼ ਵਿਚ ਕੁੱਝ ਹੋਰ ਨਸੀਹਤਾਂ ਦਿਤੀਆਂ। ਸੇਵਾ ਅਤੇ ਸਿਮਰਨ ਦੀ ਤਨਖ਼ਾਹ ਵੀ ਲਾਈ। ਮੁੜ ਉਹ ਨੌਜਵਾਨ ਗੁਰਮਤਿ ਦਾ ਧਾਰਨੀ ਬਣਿਆ ਅਤੇ ਉਸ ਨੇ ਸਿਦਕੀ ਸਿੱਖ ਬਣ ਕੇ ਦਿਖਾਇਆ।

ਇਸ ਤਰ੍ਹਾਂ ਦੇ ਸਨ ਅਕਾਲੀ ਫੂਲਾ ਸਿੰਘ ਜੀ, ਜਿਨ੍ਹਾਂ ਨੇ ਸਿਰਫ਼ ਇਕ ਨੌਜਵਾਨ ਦੇ ਪਤਿਤ ਹੋਣ 'ਤੇ ਸਾਰਾ ਜ਼ੋਰ ਲਾ ਦਿਤਾ ਅਤੇ ਉਸ ਨੂੰ ਰਸਤੇ 'ਤੇ ਲਿਆਂਦਾ। ਕੀ ਸਾਡੇ ਅੱਜ ਦੇ 'ਨੌਜਵਾਨ' ਅਤੇ 'ਜਥੇਦਾਰ' ਇਸ ਘਟਨਾ ਤੋਂ ਕੋਈ ਪ੍ਰੇਰਨਾ ਲੈਣਗੇ?

ਲੈਕਚਰਰ ਅਰਥ-ਸ਼ਾਸ਼ਤਰ,
ਭੈਣੀ ਸਾਹਿਬ (ਲੁਧਿਆਣਾ)।
ਮੋਬਾਈਲ : 98147-15796

ਮਿਠਤੁ ਨੀਵੀਂ ਨਾਨਕਾ

ਅਕਸਰ ਆਖਿਆ ਜਾਂਦਾ ਹੈ ਕਿ 'ਮਿੱਠਾ ਖਾਉ, ਮਿੱਠਾ ਬੋਲੋ'। ਜ਼ਿਆਦਾ ਮਿੱਠਾ ਖਾਣਾ ਬੇਸ਼ੱਕ ਸਿਹਤ ਲਈ ਚੰਗਾ ਨਹੀਂ ਪਰ ਇਥੇ ਆਪਾਂ ਗੱਲ ਸਿਰਫ਼ ਮਿੱਠੀ ਬੋਲੀ ਦੀ ਹੀ ਕਰਨੀ ਹੈ। ਕਿਸੇ ਵੀ ਮਨੁੱਖ ਲਈ ਉਸ ਦੀ ਮਿੱਠੀ ਬੋਲੀ ਹੀ ਸੱਭ ਤੋਂ ਵੱਡਾ ਗਹਿਣਾ ਹੈ। ਮਿੱਠਾ ਬੋਲਣ ਵਾਲੇ ਇਨਸਾਨ ਹਮੇਸ਼ਾ ਦੂਜਿਆਂ ਦੇ ਦਿਲਾਂ ਉਤੇ ਰਾਜ ਕਰਦੇ ਹਨ। ਇਸ ਦੇ ਉਲਟ ਕਿਸੇ ਦੇ ਕੌੜੇ ਬੋਲਾਂ ਦਾ ਜ਼ਖ਼ਮ ਪੂਰੀ ਜ਼ਿੰਦਗੀ ਨਹੀਂ ਭਰ ਸਕਦਾ। ਕੌਰਵਾਂ ਅਤੇ ਪਾਂਡਵਾਂ ਵਿਚਕਾਰ ਮਹਾਂਭਾਰਤ ਦੇ ਯੁੱਧ ਦਾ ਕਾਰਨ ਦਰੋਪਦੀ ਵਲੋਂ ਦੁਰਯੋਧਨ ਨੂੰ ਬੋਲਿਆ ਗਿਆ ਇਕੋ ਇਕ ਕੌੜਾ ਬੋਲ ਹੀ ਸੀ ਕਿ 'ਅੰਨ੍ਹੇ ਦਾ ਪੁੱਤਰ ਅੰਨ੍ਹਾ'। ਸੀਤਾ ਵਲੋਂ ਪੰਚਵਟੀ ਵਿਚ ਲਛਮਣ ਨੂੰ ਬੋਲੇ ਰੁੱਖੇ ਬੋਲਾਂ ਕਾਰਨ ਹੀ 'ਸੀਤਾ-ਹਰਣ' ਦੀ ਘਟਨਾ ਵਾਪਰੀ।

ਸਾਨੂੰ ਪਤਾ ਹੀ ਨਹੀਂ ਕਿ ਸਾਡੇ ਕਿਹੜੇ ਇਕ ਕੌੜੇ ਬੋਲ

> *ਮਿੱਠਾ ਬੋਲਣ ਵਾਲੇ ਇਨਸਾਨ ਹਮੇਸ਼ਾ ਦੂਜਿਆਂ ਦੇ ਦਿਲਾਂ ਉਤੇ ਰਾਜ ਕਰਦੇ ਹਨ। ਇਸ ਦੇ ਉਲਟ ਕਿਸੇ ਦੇ ਕੌੜੇ ਬੋਲਾਂ ਦਾ ਜ਼ਖ਼ਮ ਪੂਰੀ ਜ਼ਿੰਦਗੀ ਨਹੀਂ ਭਰ ਸਕਦਾ। ਕੌਰਵਾਂ ਅਤੇ ਪਾਂਡਵਾਂ ਵਿਚਕਾਰ ਮਹਾਂਭਾਰਤ ਦੇ ਯੁੱਧ ਦਾ ਕਾਰਨ ਦਰੋਪਦੀ ਵਲੋਂ ਦੁਰਯੋਧਨ ਨੂੰ ਬੋਲਿਆ ਗਿਆ ਇਕੋ ਇਕ ਕੌੜਾ ਬੋਲ ਹੀ ਸੀ ਕਿ 'ਅੰਨ੍ਹੇ ਦਾ ਪੁੱਤਰ ਅੰਨ੍ਹਾ।' ਸੀਤਾ ਵਲੋਂ ਪੰਚਵਟੀ ਵਿਚ ਲਛਮਣ ਨੂੰ ਬੋਲੇ ਰੁੱਖੇ ਬੋਲਾਂ ਕਾਰਨ ਹੀ 'ਸੀਤਾ-ਹਰਣ' ਦੀ ਘਟਨਾ ਵਾਪਰੀ। ਉਹੀ ਮਨੁੱਖ ਵੱਡਾ ਹੈ ਜੋ ਦੂਜਿਆਂ ਲਈ ਕੁੱਝ ਕਰਦਾ ਹੈ। ਦੂਜਿਆਂ ਲਈ ਆਪਾ ਵਾਰਨ ਵਾਲਿਆਂ ਦੀਆਂ ਯਾਦਾਂ ਹੀ ਸੰਸਾਰ ਵਿਚ ਕਾਇਮ ਰਹਿੰਦੀਆਂ ਹਨ।*

ਫਿਕੋ ਫਿਕਾ ਸਦੀਐ ਫਿਕੇ ਫਿਕ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥

ਇਸ ਸੰਸਾਰ ਵਿਚ ਕਿਸੇ ਵੀ ਮਨੁੱਖ ਦੀ ਪ੍ਰਸਿੱਧੀ, ਸਫ਼ਲਤਾ ਅਤੇ ਹਰਮਨ-ਪਿਆਰਤਾ ਪਿੱਛੇ ਉਸ ਦੀ ਬਾਣੀ ਦਾ ਹੀ ਕਮਾਲ ਹੈ। ਕਹਾਵਤ ਵੀ ਹੈ- "ਮਤਲਬ ਕੱਢ ਲੈਂਦੇ ਮਿੱਠਿਆਂ ਜ਼ਬਾਨਾਂ ਵਾਲੇ।" ਮਿੱਠੀ ਬੋਲੀ ਕੌੜਾ ਬੋਲਣ ਨਾਲ ਅਪਣੇ ਹੀ ਰੁੱਸ ਜਾਂਦੇ ਹਨ।

ਸਿਕੰਦਰ ਮਹਾਨ ਤੋਂ ਹਾਰੇ ਹੋਏ ਪੋਰਸ ਨੇ ਅਪਣੀ ਹਿੰਮਤ ਅਤੇ ਹਲੀਮੀ ਭਰੇ ਸ਼ਬਦਾਂ ਰਾਹੀਂ ਹੀ ਜ਼ਾਲਮ ਸਿਕੰਦਰ ਦੇ ਦਿਲ ਵਿਚ ਵੀ ਸਮਝੌਤੇ ਦੀ ਪ੍ਰੇਰਨਾ ਭਰ ਦਿਤੀ ਸੀ। ਅਪਣੀ ਬੋਲੀ ਵਿਚੋਂ ਕਦੇ ਵੀ ਹਉਮੈ-ਹੰਕਾਰ ਦੀ ਬੋਅ ਨਾ ਆਉਣ ਦਿਉ। ਅਪਣੇ ਆਪ ਨੂੰ ਦੂਜਿਆਂ ਨਾਲੋਂ ਉੱਤਮ ਮੰਨਣਾ ਹੀ ਹੰਕਾਰ ਹੈ। ਉਹੀ ਮਨੁੱਖ ਵੱਡਾ ਹੈ ਜੋ ਦੂਜਿਆਂ ਲਈ ਕੁੱਝ ਕਰਦਾ ਹੈ। ਦੂਜਿਆਂ ਲਈ ਆਪਾ ਵਾਰਨ ਵਾਲਿਆਂ ਦੀਆਂ ਯਾਦਾਂ ਹੀ ਸੰਸਾਰ ਵਿਚ ਕਾਇਮ ਰਹਿੰਦੀਆਂ ਹਨ। ਜ਼ਿਆਦਾ ਪੈਸਾ ਕਮਾਉਣਾ, ਉੱਚੇ ਅਹੁਦੇ 'ਤੇ ਲਗਣਾ, ਵੱਡੇ ਪਰਵਾਰ ਵਿਚ ਜੰਮਣਾ, ਜ਼ਿਆਦਾ ਸੋਹਣਾ ਹੋਣਾ ਆਦਿ ਚੀਜ਼ਾਂ ਨਾਲ ਕੋਈ ਇਨਸਾਨ ਵੱਡਾ ਨਹੀਂ ਹੁੰਦਾ। ਮਨੁੱਖ ਸਦਾ ਅਪਣੀ ਮਿੱਠੀ ਬੋਲੀ, ਨਿੱਘੇ ਸੁਭਾਅ ਅਤੇ ਸਮਾਜ ਦੇ ਹਿਤ ਵਿਚ ਕੰਮ ਕਰਨ ਨਾਲ ਹੀ ਵੱਡਾ ਬਣਦਾ ਹੈ। ਪ੍ਰਾਚੀਨ ਕਵੀ ਮੇਲਾ ਬਖ਼ਸ਼ ਕੁਸ਼ਤਾ ਆਖਦੇ ਹਨ :

'ਮਰਨਾ ਭਲਾ ਹੈ ਉਸ ਦਾ, ਜੋ ਜੀਵਿਆ ਅਪਣੇ ਲਈ।
ਜੀਵਣਾ ਹੈ ਉਸ ਦਾ, ਜੋ ਮਰ ਗਿਆ ਦੂਜੇ ਲਈ।'

ਨਿਮਰਤਾ ਇਕ ਅਜਿਹਾ ਹਥਿਆਰ ਹੈ ਜਿਸ ਨਾਲ ਵੱਡੇ ਤੋਂ ਵੱਡਾ ਕਾਰਜ ਰਾਸ ਕੀਤਾ ਜਾ ਸਕਦਾ ਹੈ। ਸੱਭ ਤੋਂ ਪਹਿਲਾਂ ਤਾਂ ਇਹ ਕੋਸ਼ਿਸ਼ ਕਰੋ ਕਿ ਘੱਟ ਬੋਲਿਆ ਜਾਵੇ। ਫਿਰ ਜਿੰਨੀ ਵੀ ਲੋੜ ਹੋਵੇ, ਉਹ ਸੋਚ-ਵਿਚਾਰ ਕੇ ਹੀ ਬੋਲਿਆ ਜਾਵੇ। ਸਾਡੇ ਬਹੁਤ ਹੀ ਸਾਧਾਰਣ ਬੋਲ ਵੀ ਕਈ ਵਾਰ ਦੂਜੇ ਦੇ ਹਿਰਦੇ ਨੂੰ ਠੇਸ ਪਹੁੰਚਾ ਜਾਂਦੇ ਹਨ। ਆਮ ਬੰਦਾ ਤਾਂ ਇਹੀ ਸੋਚੇਗਾ ਕਿ ਇਸ ਵਿਚ ਗੁੱਸੇ ਹੋਣ ਵਾਲੀ ਕਿਹੜੀ ਗੱਲ ਹੈ? ਪਰ ਅਸਲ ਗੱਲ ਤਾਂ ਉਹੀ ਮਨੁੱਖ

ਗੁਰਦੁਆਰਾ (ਤਵਾਰੀਖ਼ ਅਤੇ ਫ਼ਲਸਫ਼ਾ)

2

ਡਾ. ਹਰਜਿੰਦਰ ਸਿੰਘ ਦਿਲਗੀਰ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਸਿੱਖ ਆਪ ਗੁਰਦੁਆਰਾ ਨਹੀਂ ਹੋ ਸਕਦਾ

ਗੁਰਦੁਆਰਾ ਸਿੱਖ ਪੰਥ ਦਾ ਧੁਰਾ ਹੈ। ਗੁਰਦੁਆਰਾ ਉਹ ਥਾਂ ਹੈ ਜਿਥੇ ਧਰਮ ਮੁਤਾਬਕ ਜਿਊਣਾ ਸਿਖਾਇਆ ਜਾਂਦਾ ਹੈ। ਸਿੱਖ ਵਾਸਤੇ ਲਾਜ਼ਮੀ ਹੈ ਕਿ ਜਿੰਨਾ ਵੀ ਮੁਮਕਿਨ ਹੋ ਸਕੇ, ਉਹ ਗੁਰਦੁਆਰੇ ਵਿਚ ਹੋਰ ਸੰਗਤ ਨਾਲ ਬੈਠ ਕੇ ਕੀਰਤਨ ਸੁਣੇ ਅਤੇ ਸੇਵਾ ਕਰੇ। ਗੁਰਦੁਆਰਾ ਸਿਰਫ਼ ਧਾਰਮਕ ਸੈਂਟਰ ਹੀ ਨਹੀਂ: ਇਹ ਰੂਹਾਨੀ, ਭਾਈਚਾਰਕ ਤੇ ਤਾਲੀਮੀ (ਗਿਆਨ ਤੇ ਵਿਦਿਆ ਦਾ) ਮਰਕਜ਼ ਵੀ ਹੈ।

ਸਿੱਖ ਗੁਰਦੁਆਰੇ ਜਾਂਦਾ ਹੈ, ਪਰ, ਉਹ ਆਪ ਗੁਰਦੁਆਰਾ ਨਹੀਂ ਹੋ ਸਕਦਾ ਕਿਉਂਕਿ ਜੇ ਉਸ ਵਿਚ ਖ਼ੁਦ ਦੇ ਗੁਰਦੁਆਰਾ ਹੋਣ ਦਾ ਅਹਿਸਾਸ ਆ ਗਿਆ ਤਾਂ ਉਹ ਲੋਕਾਂ ਤੋਂ ਮੱਥਾ ਟਿਕਾਉਣ ਲੱਗ ਜਾਵੇਗਾ ਜਾਂ ਲੋਕ ਆਪ ਉਸ ਨੂੰ ਮੱਥਾ ਟੇਕਣ ਲੱਗ ਪੈਣਗੇ। ਫਿਰ ਸਿੱਖ ਗੁਰੂ ਵਲ ਨਹੀਂ ਜਾਣਗੇ: ਸਾਧ ਇਹੀ ਕੁੱਝ ਕਰਵਾ ਰਹੇ ਹਨ; ਉਹ ਖ਼ੁਦ ਨੂੰ ਗੁਰੂ ਤੇ ਗੁਰੂ ਦਾ ਦੁਆਰਾ, ਗੁਰੂ ਦਾ ਘਰ ਗਰਦਾਨ ਰਹੇ ਹਨ। ਗੁਰਦੁਆਰੇ ਵਿਚ ਸੱਚੀ ਸੰਗਤ ਦਾ ਵਾਸਾ ਹੈ, ਬੰਦੇ ਅੰਦਰ ਸੰਗਤ ਦਾ ਵਾਸਾ ਨਹੀਂ ਹੁੰਦਾ, ਬਲਕਿ ਬੰਦਾ ਸੱਚੀ ਸੰਗਤ ਵਿਚ ਜਾਂਦਾ ਹੈ। **'ਗੁਰਦੁਆਰੈ ਹਰਿ ਕੀਰਤਨੁ ਸੁਣੀਐ'** (1075); ਕੀਰਤਨ ਗੁਰੂ ਦੇ ਦੁਆਰੇ ਵਿਚ ਹੈ; ਬੰਦੇ ਵਿਚ ਨਹੀਂ ਹੈ।

ਹਾਂ, ਸਿੱਖ ਨੇ ਗੁਰਦੁਆਰੇ ਦੀ ਖ਼ੁਸ਼ਬੂ ਨੂੰ ਅਪਣੇ ਦਿਲ, ਅਪਣੀ ਰੂਹ ਵਿਚ ਵਸਾਉਣਾ ਹੈ। 'ਘਰ ਘਰ ਅੰਦਰ ਧਰਮਸਾਲ' ਦਾ ਮਾਇਨਾ ਜਿਥੇ ਹਰ ਸਿੱਖ ਦੇ ਘਰ (ਮਕਾਨ) ਵਿਚ ਧਰਮਸਾਲ ਦਾ ਮਾਹੌਲ ਬਣਾਉਣਾ ਹੈ ਅਤੇ ਉਸੇ ਤਰ੍ਹਾਂ ਅਪਣੇ ਘਰ (ਦਿਲ) ਵਿਚ ਵੀ ਗੁਰਦੁਆਰੇ ਦਾ ਮਾਹੌਲ ਬਣਾਉਣਾ ਹੈ। ਪਰ ਬੰਦੇ ਦਾ ਦਿਲ ਗੁਰਦੁਆਰਾ ਨਹੀਂ ਬਣ ਜਾਣਾ; ਗੁਰਮਤਿ ਦਾ ਮਾਹੌਲ ਗੁਰਮਤਿ ਦੀ ਖ਼ੁਸ਼ਬੂ ਗੁਰਦੁਆਰਾ ਹੈ।

ਗੁਰਦੁਆਰੇ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ/ਪ੍ਰਦਖਣਾ

ਪਰਿਕਰਮਾ 'ਪਰਿ' ਅਤੇ 'ਕਰਮ' ਦੇ ਮੇਲ ਤੋਂ ਬਣਿਆ ਹੈ। 'ਪਰਿ' ਦਾ ਮਾਇਨਾ ਹੈ: ਚਾਰੇ ਪਾਸੇ, ਇਰਦ ਗਿਰਦ, ਇਧਰ ਉਧਰ; ਅਤੇ 'ਕਰਮ' ਦਾ ਮਾਇਨਾ ਹੈ ਕੰਮ, ਕਾਰਜ, ਕਾਰਵਾਈ। ਪ੍ਰਕਰਮਾ/ਪਰਕਰਮਾ/ਪਰਿਕਰਮਾ ਦਾ ਮਾਇਨਾ ਹੈ: ਚਾਰੇ ਪਾਸੇ ਜਾਣ ਲਾਉਣ ਦਾ ਕੰਮ; ਯਾਨੀ ਕਿਸੇ ਚੀਜ਼ ਦੇ ਦੁਆਲੇ (ਇਕ ਜਾਂ ਵੱਧ) ਚੱਕਰ ਲਾਉਣਾ, ਚੁਤਰਫ਼ੇ ਫੇਰੀ ਦੇਣਾ, ਘੁੰਮਣਾ, ਗੇੜਾ ਦੇਣਾ। ਪ੍ਰਦਖਣਾ: ਪ੍ਰਦਖਣਾ ਦਾ ਮਾਇਨਾ ਹੈ: ਖੱਬੇ ਤੋਂ ਸੱਜੇ ਪਾਸੇ ਘੁੰਮਣਾ (ਘੁੰਮਦੇ ਸਮੇਂ ਦੇਵੀ/ਦੇਵਤੇ ਦੀ ਮੂਰਤੀ ਜਾਂ ਅੱਗ ਦੀ ਵੇਦੀ ਹਮੇਸ਼ਾ ਸੱਜੇ ਪਾਸੇ ਹੋਵੇ)। ਹਿੰਦੂ ਮੱਤ ਵਿਚ ਦੇਵੀ ਦੁਆਲੇ ਇਕ, ਸ਼ਿਵ ਦੁਆਲੇ ਡੇਢ, ਗਣੇਸ਼ ਦੁਆਲੇ 3, ਵਿਸ਼ਨੂੰ ਦੁਆਲੇ 4, ਸੂਰਜ ਦੁਆਲੇ 6, ਅੱਗ ਦੁਆਲੇ 7 ਚੱਕਰ ਲਾਏ ਜਾਂਦੇ ਹਨ।

ਸਿੱਖ ਫ਼ਲਸਫ਼ੇ ਵਿਚ ਕਰਮਕਾਂਡ ਦੀ ਕੋਈ ਥਾਂ ਨਹੀਂ ਹੈ। ਅਕਾਲੀ ਫੂਲਾ ਸਿੰਘ ਦੀ ਸ਼ਹੀਦੀ (1823) ਮਗਰੋਂ, ਜਦ ਨਿਰਮਲਿਆਂ (ਸੰਤ ਸਿੰਘ ਗਿਆਨੀ, ਗੁਰਮੁਖ ਸਿੰਘ, ਦਰਬਾਰਾ ਸਿੰਘ) ਨੇ ਦਰਬਾਰ ਸਾਹਿਬ ਦਾ ਇੰਤਜ਼ਾਮ ਸੰਭਾਲਿਆ ਤਾਂ ਉਨ੍ਹਾਂ ਨੇ ਹਿੰਦੂਆਂ ਦੀ 'ਪਰਿਕਰਮਾ' ਵੀ ਦਰਬਾਰ ਸਾਹਿਬ ਦੀ 'ਮਰਿਆਦਾ' ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਦਰਬਾਰ ਸਾਹਿਬ ਮੱਥਾ ਟੇਕਣ ਵਾਸਤੇ ਖੱਬੇ ਪਾਸੇ ਤੋਂ ਜਾ ਕੇ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਜਾਣ ਦਾ ਕਰਮ ਕਾਂਡ ਸ਼ੁਰੂ ਕੀਤਾ। (ਇਸ ਨੂੰ ਕੁੱਝ ਬੇਸਮਝ ਸਿੱਖ ਅੱਜ ਵੀ ਕਰੀ ਜਾਂਦੇ ਹਨ)। ਇਹ ਸਿੱਖ ਫ਼ਲਸਫ਼ੇ ਦੇ ਉਲਟ ਹੈ। ਸਿੱਖੀ ਵਿਚ ਗੁਰੂ ਗ੍ਰੰਥ ਸਾਹਿਬ ਜਾਂ ਗੁਰਦੁਆਰੇ ਦੀ ਇਮਾਰਤ ਹਿੰਦੂ ਦੇਵੀ/ਦੇਵਤਿਆਂ ਵਾਂਗ ਨਹੀਂ ਹੈ; ਇਸ ਕਰ ਕੇ ਇਸ ਦੁਆਲੇ ਪਰਿਕਰਮਾ/ਪ੍ਰਦਖਣਾ ਦਾ ਕਰਮ ਕਾਂਡ ਕਰਨਾ ਗ਼ਲਤ ਹੈ। ਦਰਬਾਰ ਸਾਹਿਬ ਮੱਥਾ ਟੇਕਣ ਵਾਸਤੇ ਕਿਸੇ ਵੀ ਪਾਸਿਉਂ ਜਾਇਆ ਜਾ ਸਕਦਾ ਹੈ।

ਇਸੇ ਤਰ੍ਹਾਂ ਅੱਜਕਲ ਕੁੱਝ ਲੋਕ ਗੁਰਦੁਆਰੇ ਵਿਚ ਜਾ ਕੇ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰਦੇ ਹਨ ਜੋ ਕਿ ਗ਼ਲਤ ਹੈ। ਇਹ ਵੀ ਹਿੰਦੂ ਕਰਮ ਕਾਂਡ 'ਪ੍ਰਦਖਣਾ' ਦੀ ਨਕਲ ਹੈ। ਗੁਰਦੁਆਰੇ ਜਾ ਕੇ ਮੱਥਾ ਟੇਕ ਕੇ ਜਿਥੇ ਵੀ ਜਗ੍ਹਾ ਮਿਲ ਜਾਵੇ, ਬੈਠ ਜਾਣਾ ਚਾਹੀਦਾ ਹੈ ਨਾ ਕਿ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚੱਕਰ ਲਾਉਣ ਮਗਰੋਂ।

ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣਾ : ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣਾ ਇਕ 'ਭਾਵਾਤਮਕ' ਕਾਰਵਾਈ ਨਹੀਂ (ਭਾਵਾਤਮਕ ਕਾਰਵਾਈ ਹੀ ਕਰਮ ਕਾਂਡ ਹੁੰਦਾ ਹੈ); ਇਹ ਗੁਰੂ ਗ੍ਰੰਥ ਸਾਹਿਬ ਦਾ ਵਾਕ/ਬਚਨ/ਸਿਖਿਆ ਮੰਨਣ ਵਾਸਤੇ ਸਿਰ ਝੁਕਾਉਣਾ ਹੈ, ਜਦਕਿ ਪਰਕਰਮਾ ਸਿਰਫ਼ ਗੇੜੇ ਦੇਣ ਦਾ ਬ੍ਰਾਹਮਣੀ ਕਰਮ ਕਾਂਡ ਹੈ।

ਗੁਰਦੁਆਰੇ ਦੇ ਸੇਵਾਦਾਰ ਕੌਣ ਅਤੇ ਕਿਹੋ ਜਹੇ ਹੋਣੇ ਚਾਹੀਦੇ ਹਨ?

ਅਜਿਹਾ ਅਸਥਾਨ, ਜਿਹੜਾ ਗੁਰੂ ਦਾ ਦੁਆਰਾ ਹੋਵੇ, ਜਿਥੋਂ ਵਾਹਿਗੁਰੂ ਨਾਲ ਮੇਲ ਦਾ ਰਸਤਾ ਲਭਣਾ ਹੋਵੇ, ਉਸ ਦਾ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਕਿ ਉਥੋਂ ਰੂਹਾਨੀਅਤ ਦੀ ਖ਼ੁਸ਼ਬੂ ਤਾਰੀ ਹੋਵੇ। ਉਥੇ ਰੂਹਾਨੀਅਤ ਦੀਆਂ ਨਿਸ਼ਾਨੀਆਂ ਤਾਂ ਹੀ ਨਜ਼ਰ ਆਉਣਗੀਆਂ ਜੇ ਉਸ ਦੀ ਸੇਵਾ-ਸੰਭਾਲ ਕਰਨ ਵਾਲੇ ਸੇਵਾਦਾਰਾਂ ਵਿਚ ਰੂਹਾਨੀਅਤ ਦਾ ਵਾਸਾ ਹੋਵੇ। ਗੁਰੂ-ਘਰ ਦੀ ਸੇਵਾ-ਸੰਭਾਲ ਕਿਹੋ ਜਹੇ ਸ਼ਖ਼ਸ ਕਰਨਗੇ, ਇਸ ਬਾਰੇ ਗੁਰੂ ਸਾਹਿਬ ਨੇ ਆਪ ਦਸਿਆ ਸੀ। ਇਸ ਦੀ ਜ਼ਾਹਰਾ ਮਿਸਾਲ ਗੁਰੂ ਸਾਹਿਬ ਦੀ ਤਵਾਰੀਖ਼ ਵਿਚੋਂ ਮਿਲਦੀ ਹੈ।

ਸਿੱਖ ਗੁਰਧਾਮਾਂ ਦੀ ਸੇਵਾ-ਸੰਭਾਲ ਸੱਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਦੀ ਝੋਲੀ ਵਿਚ ਪਈ ਸੀ। 16 ਅਗੱਸਤ, 1604 ਦੇ ਦਿਨ ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਦੇ ਗ੍ਰੰਥੀ ਦੀ ਸੇਵਾ ਤੇ ਨਾਲ ਹੀ ਇਸ ਥਾਂ ਦੀ ਸੇਵਾ-ਸੰਭਾਲ ਵੀ ਬਖ਼ਸ਼ੀ ਗਈ। ਜਦੋਂ 31 ਦਸੰਬਰ, 1612 ਦੇ ਦਿਨ ਗੁਰੂ ਹਰਿ ਗੋਬਿੰਦ ਸਾਹਿਬ ਗੁਰੂ ਦਾ ਚੱਕ (ਅੰਮ੍ਰਿਤਸਰ) ਤੋਂ ਦਿੱਲੀ ਵਲ ਜਾਣ ਲੱਗੇ ਸਨ ਤਾਂ ਆਪ ਦਰਬਾਰ ਸਾਹਿਬ ਵਿਚ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਸੇਵਾ-ਸੰਭਾਲ ਬਾਬਾ ਬੁੱਢਾ ਜੀ ਅਤੇ ਅਕਾਲ ਤਖ਼ਤ ਸਾਹਿਬ ਦੇ ਥੜ੍ਹੇ ਦੀ ਸੇਵਾ-ਸੰਭਾਲ ਭਾਈ ਗੁਰਦਾਸ ਜੀ ਨੂੰ ਸੌਂਪ ਗਏ ਸਨ (ਸੇਵਾ ਸੌਂਪੀ ਸੀ,

> **ਕੁੱਝ ਤਵਾਰੀਖ਼ੀ ਗੁਰਦੁਆਰੇ ਮਿਸਲਾਂ ਵੇਲੇ ਬਣੇ ਸਨ, ਪਰ ਬਹੁਤੇ ਤਵਾਰੀਖ਼ੀ ਗੁਰਦੁਆਰੇ ਸਿੱਖ ਰਾਜਿਆਂ ਦੀ ਹਕੂਮਤ ਸਮੇਂ ਬਣਾਏ ਗਏ ਸਨ। ਉਸ ਤੋਂ ਪਹਿਲਾਂ, ਸਿਰਫ਼ ਕੁੱਝ ਹੀ ਅਸਥਾਨ ਸਨ, ਜੋ ਗੁਰੂ ਸਾਹਿਬ ਨੇ ਆਪ ਬਣਾਏ ਸਨ। ਮਹਾਰਾਜਾ ਰਣਜੀਤ ਸਿੰਘ ਦੇ ਮਰਨ ਪਿੱਛੋਂ, ਗੁਰਦੁਆਰਿਆਂ ਦਾ ਪ੍ਰਬੰਧ ਧਿਆਨ ਸਿੰਹ, ਗੁਲਾਬ ਸਿੰਹ ਤੇ ਹੀਰਾ ਸਿੰਹ ਡੋਗਰਾ ਅਤੇ ਬ੍ਰਾਹਮਣ (ਮਿਸਰ-ਬ੍ਰਾਹਮਣਾਂ ਖ਼ੁਸ਼ਹਾਲ ਚੰਦ, ਭਿਵਾਨੀ ਦਾਸ, ਰਾਮ ਸਿੰਹ, ਸੁਖ ਰਾਜ, ਗੰਗਾ ਰਾਮ, ਬੇਲੀ ਰਾਮ, ਰੂਪ ਲਾਲ, ਕਿਸ਼ਨ ਲਾਲ, ਅਯੁਧਿਆ ਪ੍ਰਸਾਦ, ਦੀਨਾ ਨਾਥ, ਮਿਸਰ ਦੀਵਾਨ ਚੰਦ, ਗੰਗਾ ਰਾਮ ਵਗ਼ੈਰਾ) ਹਾਕਮਾਂ ਰਾਹੀਂ ਉਦਾਸੀਆਂ ਅਤੇ ਨਿਰਮਲੇ ਮਹੰਤਾਂ ਦੇ ਹੱਥਾਂ ਵਿਚ ਆ ਗਿਆ ਸੀ ਤੇ ਉਨ੍ਹਾਂ ਵਿਚੋਂ ਬਹੁਤੇ ਅਯਾਸ਼ ਹੋ ਗਏ ਸਨ। ਸਿੱਖਾਂ ਨੂੰ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਪਣੇ ਹੇਠ ਲੈਣ ਲਈ ਪੰਜ ਸਾਲ (1920 ਤੋਂ 1925 ਤਕ) ਜੱਦੋ-ਜਹਿਦ ਕਰਨੀ ਪਈ ਸੀ।**

ਸਿੰਘ, ਭਾਈ ਕੀਰਤ ਸਿੰਘ ਚੰਦਰਾ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ ਭੇਜੇ ਗਏ ਸਨ। 5-6 ਦਸੰਬਰ, 1705 ਦੀ ਰਾਤ ਨੂੰ ਜਦੋਂ ਦਸਵੇਂ ਪਾਤਿਸ਼ਾਹ ਨੇ ਅਨੰਦਪੁਰ ਸਾਹਿਬ ਛਡਿਆ ਤਾਂ ਆਪ ਅਨੰਦਪੁਰ ਸਾਹਿਬ ਦੀ ਸੇਵਾ-ਸੰਭਾਲ ਭਾਈ ਗੁਰਬਖ਼ਸ਼ ਦਾਸ ਨੂੰ ਸੌਂਪ ਗਏ ਸਨ। ਇੰਜ ਹੀ ਹਜ਼ੂਰ ਸਾਹਿਬ (ਨਾਂਦੇੜ) ਦੇ ਅਸਥਾਨਾਂ ਦੀ ਸੇਵਾ-ਸੰਭਾਲ ਭਾਈ ਸੰਤੋਖ ਦਾਸ ਨੂੰ ਦਿਤੀ ਗਈ ਸੀ। ਮਿਸਲਾਂ ਵੇਲੇ ਵੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਜਥੇਦਾਰ ਗੁਰਬਖ਼ਸ਼ ਸਿੰਘ ਲੀਲ੍ਹ (ਸ਼ਹੀਦ) ਕਰਦੇ ਰਹੇ ਸਨ। ਤਲਵੰਡੀ ਸਾਬੋ ਦੀ ਸੇਵਾ ਬਾਬਾ ਦੀਪ ਸਿੰਘ ਕੋਲ ਸੀ। 18ਵੀਂ ਸਦੀ ਵਿਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਬੁੱਢਾ ਦਲ ਕਰਦਾ ਰਿਹਾ ਸੀ। ਇਸ ਦਲ ਵਿਚੋਂ ਵੀ ਮਿਸਲ ਸ਼ਹੀਦਾਂ ਨੇ ਖ਼ਾਸ ਤੌਰ 'ਤੇ ਸੇਵਾ ਸੰਭਾਲ ਕੀਤੀ। ਕੁੱਝ ਵਕਤ, ਜਦੋਂ ਸਿੱਖਾਂ ਨੂੰ ਪਨਾਹਗਾਹਾਂ ਵਿਚ ਰਹਿਣਾ ਪਿਆ, ਇਹ ਸੇਵਾ ਉਦਾਸੀ ਗੋਪਾਲ ਦਾਸ ਨੇ ਵੀ ਕੀਤੀ। ਜਦੋਂ ਚੜ੍ਹਾਵਾ ਵੱਧ ਗਿਆ ਤਾਂ ਗੋਪਾਲ ਦਾਸ ਲਾਲਚੀ ਹੋ ਗਿਆ। ਉਸ ਦੀ ਭ੍ਰਿਸ਼ਟਾਚਾਰੀ ਨੂੰ ਠੱਲ੍ਹ ਪਾਉਣ ਵਾਸਤੇ ਚੰਚਲ ਸਿੰਘ ਤੇ ਮਗਰੋਂ ਆਤਮਾ ਸਿੰਘ ਨੇ ਸੇਵਾ ਸੰਭਾਲੀ। ਇਸ ਮਗਰੋਂ ਬਾਬਾ ਨੈਣਾ ਸਿੰਘ ਅਕਾਲੀ ਤੇ ਫਿਰ ਫੂਲਾ ਸਿੰਘ ਅਕਾਲੀ ਨੇ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਕੀਤੀ। ਅਕਾਲੀ ਫੂਲਾ ਸਿੰਘ ਤੋਂ ਮਗਰੋਂ ਮਹੰਤਾਂ ਦੀ ਵਾਰੀ ਆ ਗਈ, ਜੋ 1920 ਵਿਚ ਸਿੱਖ ਪੰਥ ਨੇ ਖ਼ਤਮ ਕਰ ਦਿਤੀ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦਾ ਇੰਤਜ਼ਾਮ ਸੰਭਾਲਿਆ।

ਇਸ ਦੌਰਾਨ ਸਿੱਖਾਂ ਦਾ ਵਧੇਰੇ ਧਿਆਨ ਦਰਬਾਰ ਸਾਹਿਬ ਅਤੇ ਨਾਨਕਾਣਾ ਸਾਹਿਬ ਵਲ ਰਿਹਾ। ਕੀਰਤਪੁਰ ਅਤੇ ਅਨੰਦਪੁਰ ਸਾਹਿਬ ਸੰਬੰਧੀਆਂ ਦੀ ਸੇਵਾ ਸੰਭਾਲ ਵਿਚ ਠੀਕ ਚਲਦੇ ਰਹੇ ਸਨ। ਗੁਰਦੁਆਰਿਆਂ ਵਿਚ ਸੱਭ ਤੋਂ ਵੱਡਾ ਮਸਲਾ ਇਹ ਸੀ ਕਿ ਮਹੰਤ ਉਨ੍ਹਾਂ ਨੂੰ ਅਪਣੀ ਜਾਇਦਾਦ ਸਮਝਦੇ ਸਨ।

ਗੁਰਦੁਆਰੇ ਦੀ ਇਮਾਰਤ

ਆਮ ਤੌਰ 'ਤੇ ਗੁਰਦੁਆਰੇ ਦੇ ਚਾਰ ਹਿੱਸੇ ਹੁੰਦੇ ਹਨ: ਦੀਵਾਨ ਹਾਲ (ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ), ਲੰਗਰ, ਸਰਾਂ ਅਤੇ ਪੰਜਾਬੀ-ਗੁਰਮੁਖੀ, ਫ਼ਲਸਫ਼ਾ ਤੇ ਤਵਾਰੀਖ਼ ਪੜ੍ਹਾਉਣ ਵਾਸਤੇ ਸਕੂਲ। ਕੁੱਝ ਗੁਰਦੁਆਰਿਆਂ ਵਿਚ ਇਹ ਚਾਰੇ ਸਹੂਲਤਾਂ ਹੁੰਦੀਆਂ ਹਨ, ਪਰ ਕੁੱਝ ਗੁਰਦੁਆਰਿਆਂ ਵਿਚ ਇਕ ਜਾਂ ਵੱਧ ਸਹੂਲਤਾਂ ਨਹੀਂ ਵੀ ਹੁੰਦੀਆਂ। ਹਰ ਗੁਰਦੁਆਰੇ ਵਿਚ ਨਗਾਰਾ ਹੋਣਾ ਵੀ ਲਾਜ਼ਮੀ ਹੈ ਅਤੇ ਮੁਨਾਸਿਬ ਮੌਕੇ 'ਤੇ ਇਸ ਨੂੰ ਵਜਾਇਆ ਵੀ ਜਾਣਾ ਚਾਹੀਦਾ ਹੈ। ਅੱਜਕਲ ਕਈ ਗੁਰਦੁਆਰਿਆਂ ਵਲੋਂ ਹਸਪਤਾਲ ਵਗ਼ੈਰਾ ਵੀ ਚਲਾਏ ਜਾਂਦੇ ਹਨ। ਬਹੁਤੇ ਗੁਰਦੁਆਰਿਆਂ ਵਿਚ ਲਾਇਬ੍ਰੇਰੀਆਂ ਵੀ ਹੁੰਦੀਆਂ ਹਨ।

ਗੁਰਦੁਆਰੇ ਦੀ ਸੱਭ ਤੋਂ ਮੁੱਖ ਜਗ੍ਹਾ ਦੀਵਾਨ ਹਾਲ ਹੁੰਦੀ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸਾਫ਼ ਰੁਮਾਲਿਆਂ ਨਾਲ ਢਕਿਆ ਜਾਂਦਾ ਹੈ। ਇਸ ਦੇ ਤਾਬਿਆ ਬੈਠੇ ਜਾਂ ਖੜੇ ਸਿੱਖ ਦੇ ਹੱਥ ਵਿਚ ਚੌਰ ਹੁੰਦੀ ਹੈ, ਜੋ ਗੁਰੂ ਗ੍ਰੰਥ ਸਾਹਿਬ ਨੂੰ ਸ਼ਹਿਨਸ਼ਾਹ ਦਾ ਅਦਬ ਦੇਣ ਵਾਸਤੇ ਹੁੰਦੀ ਹੈ (ਚੌਰ ਮੱਖੀਆਂ ਹਟਾਉਣ ਜਾਂ ਹਵਾ ਦੇਣ ਵਾਸਤੇ ਨਹੀਂ ਹੁੰਦੀ)। ਗੁਰੂ ਗ੍ਰੰਥ ਸਾਹਿਬ ਦੇ ਨੇੜੇ ਘਿਉ ਦੇ ਦੀਵੇ ਬਾਲਣਾ, ਗੁਰੂ ਦੀ ਹਜ਼ੂਰੀ ਵਿਚ ਘੰਟੀਆਂ ਵਜਾਉਣਾ, ਤਾੜੀਆਂ ਮਾਰਨਾ, ਸਿੱਖੀ ਅਸੂਲਾਂ ਵਿਰੁਧ ਹੈ। ਕਈ ਲੋਕ ਗੁਰੂ ਗ੍ਰੰਥ ਸਾਹਿਬ ਦੇ ਨੇੜੇ ਜਾਂ ਹੇਠਾਂ ਪਾਣੀ ਦਾ ਘੜਾ ਜਾਂ ਕੁੱਜਾ ਜਾਂ ਕੋਈ ਹੋਰ ਭਾਂਡਾ ਰੱਖ ਦੇਂਦੇ ਹਨ। ਜਿਹੜੇ ਲੋਕ ਇਸ ਨੂੰ ਪਾਕਿ (ਪਵਿੱਤਰ) ਜਲ ਜਾਂ ਅਖੌਤੀ ਅੰਮ੍ਰਿਤ ਬਣਾਉਣ ਦੀ ਸੋਚ ਨਾਲ ਕਰਦੇ ਹਨ, ਉਹ ਬੇ-ਸਮਝੀ ਦਾ ਇਜ਼ਹਾਰ ਕਰਦੇ ਹਨ। ਦੀਵਾਨ ਹਾਲ ਜਿੰਨਾ ਸਾਫ਼, ਪਰ ਸਾਦਾ ਹੋ ਸਕੇ ਬਿਹਤਰ ਹੈ। ਵਾਧੂ ਦੀ ਸਜਾਵਟ, ਚਮਕ-ਦਮਕ, ਤੜਕ-ਭੜਕ, ਰੋਸ਼ਨੀਆਂ ਵਗ਼ੈਰਾ ਨਾਲ ਧਿਆਨ ਆਲੇ-ਦੁਆਲੇ ਭਟਕਦਾ ਹੈ ਅਤੇ ਕੀਰਤਨ, ਪਾਠ, ਕਥਾ ਸੁਣਨ 'ਚ ਰੋਕ ਪੈਂਦੀ ਹੈ।

ਗੁਰਦੁਆਰੇ ਦੇ ਦੀਵਾਨ ਹਾਲ ਵਿਚ ਤਸਵੀਰਾਂ ਲਾਉਣਾ, ਇਬਾਰਤਾਂ ਜਾਂ ਜੈਕਾਰੇ/ਨਾਹਰੇ ਲਿਖਣੇ ਵੀ ਗ਼ਲਤ ਹੈ। ਇਸ ਮਕਸਦ ਵਾਸਤੇ ਲਾਇਬ੍ਰੇਰੀ, ਲੰਗਰ-ਹਾਲ, ਦਫ਼ਤਰ, ਕੋਰੀਡੋਰ ਤੇ ਲਾਬੀ ਵਰਤੇ ਜਾਣੇ ਚਾਹੀਦੇ ਹਨ। ਗੁਰੂ ਸਾਹਿਬ ਦੀਆਂ ਜਿੰਨੀਆਂ ਤਸਵੀਰਾਂ ਮਿਲਦੀਆਂ ਹਨ, ਉਹ ਸੱਭ ਨਕਲੀ ਹਨ ਅਤੇ ਕੁੱਝ ਬੰਦਿਆਂ ਨੂੰ ਮਾਡਲ ਬਿਠਾ ਕੇ ਜਾਂ ਖ਼ਿਆਲੀ ਉਡਾਰੀਆਂ ਨਾਲ ਬਣਾਈਆਂ ਹੋਈਆਂ ਹਨ ਤੇ ਕੁੱਝ ਵਿਚ ਤਾਂ ਗੁਰੂ ਸਾਹਿਬ ਦੀ ਹਾਸੋ-ਹੀਣੀ ਸੂਰਤ ਨਜ਼ਰ ਆਉਂਦੀ ਹੈ। ਇਸ ਕਰ ਕੇ ਗੁਰਦੁਆਰਿਆਂ ਵਿਚ, ਕਿਸੇ ਵੀ ਜਗ੍ਹਾ ਗੁਰੂ ਸਾਹਿਬ ਦੀਆਂ ਨਕਲੀ ਤਸਵੀਰਾਂ ਨਹੀਂ ਲਾਉਣੀਆਂ ਚਾਹੀਦੀਆਂ। ਉਨ੍ਹਾਂ ਦੀ ਜਗ੍ਹਾ 'ਤੇ ਸ਼ਬਦ ਜਾਂ ਗੁਰਦੁਆਰਿਆਂ ਦੀਆਂ ਤਸਵੀਰਾਂ ਲਾਈਆਂ ਜਾ ਸਕਦੀਆਂ ਹਨ।

ਕੁੱਝ ਤਵਾਰੀਖ਼ੀ ਗੁਰਦੁਆਰੇ ਮਿਸਲਾਂ ਵੇਲੇ ਬਣੇ ਸਨ, ਪਰ ਬਹੁਤੇ ਤਵਾਰੀਖ਼ੀ ਗੁਰਦੁਆਰੇ ਸਿੱਖ ਰਾਜਿਆਂ ਦੀ ਹਕੂਮਤ ਸਮੇਂ ਬਣਾਏ ਗਏ ਸਨ। ਉਸ ਤੋਂ ਪਹਿਲਾਂ, ਸਿਰਫ਼ ਕੁੱਝ ਹੀ ਅਸਥਾਨ ਸਨ, ਜੋ ਗੁਰੂ ਸਾਹਿਬ ਨੇ ਆਪ ਬਣਾਏ ਸਨ। ਮਹਾਰਾਜਾ ਰਣਜੀਤ ਸਿੰਘ ਦੇ ਮਰਨ ਪਿੱਛੋਂ, ਗੁਰਦੁਆਰਿਆਂ ਦਾ ਪ੍ਰਬੰਧ ਧਿਆਨ ਸਿੰਹ, ਗੁਲਾਬ ਸਿੰਹ ਤੇ ਹੀਰਾ ਸਿੰਹ ਡੋਗਰਾ ਅਤੇ ਬ੍ਰਾਹਮਣ (ਮਿਸਰ-ਬ੍ਰਾਹਮਣਾਂ ਖ਼ੁਸ਼ਹਾਲ ਚੰਦ, ਭਿਵਾਨੀ ਦਾਸ, ਰਾਮ ਸਿੰਹ, ਸੁਖ ਰਾਜ, ਗੰਗਾ ਰਾਮ, ਬੇਲੀ ਰਾਮ, ਰੂਪ ਲਾਲ, ਕਿਸ਼ਨ ਲਾਲ, ਅਯੁਧਿਆ ਪ੍ਰਸਾਦ, ਦੀਨਾ ਨਾਥ, ਮਿਸਰ ਦੀਵਾਨ ਚੰਦ, ਗੰਗਾ ਰਾਮ ਵਗ਼ੈਰਾ) ਹਾਕਮਾਂ ਰਾਹੀਂ ਉਦਾਸੀਆਂ ਅਤੇ ਨਿਰਮਲੇ ਮਹੰਤਾਂ ਦੇ ਹੱਥਾਂ ਵਿਚ ਆ ਗਿਆ ਸੀ ਤੇ ਉਨ੍ਹਾਂ ਵਿਚੋਂ ਬਹੁਤੇ ਅਯਾਸ਼ ਹੋ ਗਏ ਸਨ। ਸਿੱਖਾਂ ਨੂੰ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਪਣੇ ਹੇਠ ਲੈਣ ਲਈ ਪੰਜ ਸਾਲ (1920 ਤੋਂ 1925 ਤਕ) ਜੱਦੋ-ਜਹਿਦ ਕਰਨੀ ਪਈ ਸੀ। ਇਸ ਲਹਿਰ ਵਿਚ ਸੈਂਕੜੇ ਹੀ ਸਿੱਖਾਂ ਨੇ ਅਪਣੀਆਂ ਜਾਨਾਂ ਦਿਤੀਆਂ ਸਨ ਅਤੇ ਹਜ਼ਾਰਾਂ ਹੀ ਗ੍ਰਿਫ਼ਤਾਰ ਕੀਤੇ ਗਏ ਸਨ। ਹੁਣ ਵੀ ਬਹੁਤਿਆਂ ਗੁਰਦੁਆਰਿਆਂ ਦਾ ਇੰਤਜ਼ਾਮ ਪੰਥਕ ਤਰੀਕੇ ਮੁਤਾਬਕ ਨਹੀਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਨੇਕਾਂ ਹੀ ਮੈਂਬਰਾਂ ਦਾ ਜੀਵਨ ਸਿੱਖ ਫ਼ਲਸਫ਼ੇ ਦੇ ਉਲਟ ਹੈ। 1920 ਦੇ ਸਮੇਂ ਤੋਂ ਪਹਿਲਾਂ ਦੇ ਮਹੰਤਾਂ ਦੀ ਤਰ੍ਹਾਂ ਉਹ ਵੀ ਗੁਰਦੁਆਰਿਆਂ ਨੂੰ